# ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
## ਵਣ ਭਵਨ, ਸੈਕਟਰ-68, ਐਸ.ਏ.ਐਸ.ਨਗਰ

## <u>ਜਨਤਕ ਨੋਟਿਸ</u>

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ. 07 ਆਫ 2025 ਰਾਹੀਂ ਪ੍ਰਕਾਸ਼ਿਤ ਸਹਾਇਕ ਸੁਪਰਡੰਟ, ਵਾਰਡਰ ਅਤੇ ਮੈਟਰਨ ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੀ ਮੈਰਿਟ ਦੇ ਅਧਾਰ ਤੇ ਉਮੀਦਵਾਰਾਂ ਦਾ Physical Measurement Test/Physical Efficiency Test ਮਿਤੀ 20.04.2026 ਤੋਂ 29.04.2026 ਤੱਕ Polo Ground, Stadium Road, Patiala ਵਿਖੇ ਹੋ ਰਿਹਾ ਹੈ।

2.0 ਉਕਤ ਸਬੰਧੀ ਸਬੰਧਤ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ ਕਿਸੇ ਨਾ-ਟਾਲਣਯੋਗ ਕਾਰਨ ਕਰਕੇ ਨਿਰਧਾਰਿਤ ਮਿਤੀ ਤੇ ਹਾਜ਼ਰ ਨਹੀਂ ਹੋ ਸਕਦੇ, ਉਹ ਆਪਣੀ ਪ੍ਰਤੀਬੇਨਤੀ ਵਿੱਚ ਨਾ ਹਾਜ਼ਰ ਹੋਣ ਦਾ ਕਾਰਨ ਦੱਸਦੇ ਹੋਏ ਸਮੇਤ ਜ਼ਰੂਰੀ ਦਸਤਾਵੇਜ਼ ਬੋਰਡ ਦੇ ਦਫਤਰ ਵਿਖੇ ਦਫਤਰੀ ਕੰਮ-ਕਾਜ਼ ਵਾਲੇ ਦਿਨ **ਦਸਤੀ ਤੌਰ** ਤੇ ਜਾਂ **“sssb.application@gmail.com”** ਤੇ ਮਿਤੀ **26.04.2026 (ਸ਼ਾਮ 05.00 ਵਜੇ)** ਤੱਕ ਭੇਜ ਸਕਦੇ ਹਨ। ਉਮੀਦਵਾਰ ਕੇਵਲ ਦਸਤੀ ਜ਼ਾਂ ਉਕਤ ਦਰਸਾਈ ਈ-ਮੇਲ ਤੇ ਹੀ ਪ੍ਰਤੀਬੇਨਤੀ ਭੇਜ ਸਕਦੇ ਹਨ। ਮਿਤੀ 26.04.2026 ਤੋਂ ਬਾਅਦ ਪ੍ਰਾਪਤ ਪ੍ਰਤੀਬੇਨਤੀ ਅਤੇ ਉਕਤ ਤੋਂ ਬਿਨਾਂ ਹੋਰ ਕਿਸੇ ਮਾਧਿਅਮ ਰਾਹੀਂ ਪ੍ਰਾਪਤ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

3.0 ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਉਮੀਦਵਾਰ ਵੱਲੋਂ ਪ੍ਰਾਪਤ ਪ੍ਰਤੀਬੇਨਤੀ ਨੂੰ ਸਮਰੱਥ ਅਥਾਰਟੀ ਵੱਲੋਂ ਵਿਚਾਰਨ ਉਪਰੰਤ ਜੋ ਫੈਸਲਾ ਲਿਆ ਜਾਵੇਗਾ, ਉਹ ਆਖਰੀ ਹੋਵੇਗਾ ਅਤੇ ਜਿੰਨ੍ਹਾਂ ਉਮੀਦਵਾਰਾਂ ਦੀ ਪ੍ਰਤੀਬੇਨਤੀ ਸਮਰੱਥ ਅਥਾਰਟੀ ਵੱਲੋਂ ਪ੍ਰਵਾਨ ਕੀਤੀ ਜਾਵੇਗੀ, ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਹੀ ਨਵੀਂ ਨਿਰਧਾਰਿਤ ਮਿਤੀ ਅਨੁਸਾਰ ਹੋਰ ਮੌਕਾ ਦਿੱਤਾ ਜਾਵੇਗਾ। ਪ੍ਰਵਾਨਗੀ ਪ੍ਰਾਪਤ ਉਮੀਦਵਾਰ ਬੋਰਡ ਵੱਲੋਂ ਨਿਰਧਾਰਿਤ ਮਿਤੀ ਅਤੇ ਸਮੇਂ ਅਨੁਸਾਰ ਹਾਜ਼ਰ ਹੋਣਾ ਯਕੀਨੀ ਬਣਾਉਣਗੇ। ਇਸ ਉਪਰੰਤ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।

4.0 ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਭਰਤੀ ਸਬੰਧੀ ਅਗਲੇਰੀ ਜਾਣਕਾਰੀ ਲਈ ਸਮੇਂ-ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣ।

ਸਹੀ/-

ਮਿਤੀ: 22.04.2026

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ